# ਸਾਡੇ ਪਿੰਡ

ਸਾਡੇ ਦੇਸ ਦੀ ਬਹੁਤੀ ਵੱਸੋਂ ਪਿੰਡਾਂ ਵਿੱਚ ਵੱਸਦੀ ਹੈ। ਸਾਡੇ ਪਿੰਡ ਸ਼ਹਿਰਾਂ ਨਾਲ਼ੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹਨ। ਪਿੰਡਾਂ ਦੀਆਂ ਖੁੱਲ੍ਹੀਆਂ-ਡੁੱਲ੍ਹੀਆਂ ਹਵਾਵਾਂ ਮਨ ਨੂੰ ਮੋਹ ਲੈਂਦੀਆਂ ਹਨ। ਜਦੋਂ ਮਨੁੱਖ ਤਾਜ਼ੀ ਹਵਾ ਵਿੱਚ ਸਾਹ ਲੈਂਦਾ ਹੈ ਤਾਂ ਅਨੇਕਾਂ ਬਿਮਾਰੀਆਂ ਤੋਂ ਛੁਟਕਾਰਾ ਪਾਉਂਦਾ ਹੈ। ਪਿੰਡਾਂ ਵਿੱਚ ਸੜਕਾਂ ਦਾ ਜਾਲ਼ ਵਿਛਿਆ ਹੋਇਆ ਹੈ। ਹਰ ਪਿੰਡ ਨੂੰ ਬੱਸਾਂ, ਗੱਡੀਆਂ, ਸਕੂਟਰ, ਮੋਟਰ-ਸਾਈਕਲ, ਟੈਂਪੂ ਆਦਿ ਆਉਂਦੇ-ਜਾਂਦੇ ਆਮ ਵੇਖੇ ਜਾ ਸਕਦੇ ਹਨ। ਅੱਜ-ਕੱਲ੍ਹ ਪਿੰਡਾਂ ਵਾਲ਼ਿਆਂ ਨੂੰ ਸ਼ਹਿਰ ਜਾਣ ਵਾਸਤੇ ਘੰਟਿਆਂ ਬੱਧੀ ਬੱਸ-ਅੱਡਿਆਂ 'ਤੇ ਖੜ੍ਹਨਾ ਨਹੀਂ ਪੈਂਦਾ ਹੈ।

ਸਾਡੇ ਪਿੰਡ ਵਿੱਦਿਅਕ ਸਹੂਲਤਾਂ ਨਾਲ਼ ਵੀ ਭਰਪੂਰ ਹਨ। ਕੋਈ ਅਜਿਹਾ ਪਿੰਡ ਨਹੀਂ ਹੋਵੇਗਾ ਜਿੱਥੇ ਕੋਈ ਸਕੂਲ ਨਹੀਂ। ਪਿੰਡਾਂ ਦੇ ਬੱਚੇ ਵਿੱਦਿਅਕ ਖੇਤਰ ਵਿੱਚ ਖ਼ੂਬ ਮੱਲਾਂ ਮਾਰ ਰਹੇ ਹਨ।

ਪਿੰਡਾਂ ਵਿੱਚ ਸਿਹਤ-ਸੇਵਾਵਾਂ ਲਈ ਸਰਕਾਰੀ ਹਸਪਤਾਲਾਂ ਤੋਂ ਇਲਾਵਾ ਤਜਰਬੇਕਾਰ ਡਾਕਟਰਾਂ ਨੇ ਆਪਣੇ-ਆਪਣੇ ਕਲੀਨਿਕ ਖੋਲ੍ਹੇ ਹੋਏ ਹਨ। ਉਹ ਮਰੀਜ਼ਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਉਪਲਬਧ ਕਰਾਉਂਦੇ ਹਨ। ਗੱਲ ਕੀ, ਸਾਡੇ ਪਿੰਡਾਂ ਵਿੱਚ ਸਿਹਤ-ਸੇਵਾਵਾਂ ਕਾਫ਼ੀ ਪ੍ਰਫੁਲਿਤ ਹੋ ਗਈਆਂ ਹਨ।

ਸਾਡੇ ਪੇਂਡੂ ਕਿਰਸਾਣ ਵੱਧ ਤੋਂ ਵੱਧ ਅਨਾਜ ਪੈਦਾ ਕਰਕੇ ਦੇਸ ਦੇ ਅਨਾਜ ਦੇ ਭੰਡਾਰ ਭਰ ਰਹੇ ਹਨ। ਕਿਸਾਨ ਪੜ੍ਹਿਆ-ਲਿਖਿਆ ਹੋਣ ਕਰਕੇ ਨਵੀਆਂ-ਨਵੀਆਂ ਮਸ਼ੀਨਾਂ, ਔਜ਼ਾਰਾਂ, ਬੀਜਾਂ, ਦਵਾਈਆਂ, ਖਾਦਾਂ ਆਦਿ ਦੀ ਵਰਤੋਂ ਕਰਕੇ ਖੇਤੀ ਕਰਦਾ ਹੈ।

ਸਾਡੇ ਪਿੰਡਾਂ ਦੇ ਲੋਕ ਪੜ੍ਹੇ-ਲਿਖੇ ਹੋਣ ਕਰਕੇ ਉੱਚੀਆਂ-ਉੱਚੀਆਂ ਪਦਵੀਆਂ 'ਤੇ ਨੌਕਰੀਆਂ ਕਰਦੇ ਹਨ। ਸਾਡੇ ਪਿੰਡਾਂ ਵਿੱਚ ਸਫ਼ਾਈ ਦਾ ਉਚੇਚਾ ਪ੍ਰਬੰਧ ਹੈ। ਹਰੇਕ ਪਿੰਡ ਵਿੱਚ ਪੱਕੀਆਂ ਗਲ਼ੀਆਂ ਅਤੇ ਨਾਲ਼ੀਆਂ ਬਣੀਆਂ ਹੋਈਆਂ ਹਨ। ਗੰਦੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਵੀ ਬਹੁਤ ਹੱਦ ਤੱਕ ਠੀਕ ਹੈ।

ਸਾਡੇ ਪਿੰਡਾਂ ਦੀਆਂ ਪੰਚਾਇਤਾਂ ਬੜੀ ਸਮਝਦਾਰੀ ਨਾਲ਼ ਕੰਮ ਕਰਦੀਆਂ ਹਨ। ਹਰ ਪਿੰਡ ਵਿੱਚ ਬਹੁਤੇ ਪੰਚਾਇਤੀ ਮੈਂਬਰ ਪੜ੍ਹੇ ਲਿਖੇ ਹਨ। ਉਹ ਪਿੰਡਾਂ ਦੀ ਬਿਹਤਰੀ ਵਾਸਤੇ ਹੀ ਸੋਚਦੇ ਰਹਿੰਦੇ ਹਨ।



Scanned with CamScanner

ਹੁਣ ਪਿੰਡਾਂ ਵਿੱਚ ਸਰਕਾਰੀ ਅਤੇ ਅਰਧ-ਸਰਕਾਰੀ ਉਦਯੋਗਿਕ ਇਕਾਈਆਂ ਵੀ ਕੰਮ ਕਰ ਰਹੀਆਂ ਹਨ। ਇਸ ਲਈ ਕਈਆਂ ਨੂੰ ਰੁਜ਼ਗਾਰ ਪਿੰਡਾਂ ਵਿੱਚ ਹੀ ਮਿਲ਼ ਜਾਂਦਾ ਹੈ। ਹੁਣ ਪਿੰਡਾਂ ਦੀਆਂ ਔਰਤਾਂ ਵੀ ਘਰ ਬੈਠੇ ਹੀ ਸਿਲਾਈ-ਕਢਾਈ ਦਾ ਕੰਮ ਕਰਦੀਆਂ ਹਨ। ਇਸ ਤਰ੍ਹਾਂ ਇਹ ਆਰਥਿਕ ਤੌਰ 'ਤੇ ਆਤਮ-ਨਿਰਭਰ ਹੋ ਰਹੀਆਂ ਹਨ।

ਭਾਵੇਂ ਹੁਣ ਵੀ ਕਾਫ਼ੀ ਲੋਕਾਂ ਨੂੰ ਪਿੰਡਾਂ ਤੋਂ ਸ਼ਹਿਰਾਂ ਵੱਲ ਉਚੇਰੀ ਪੜ੍ਹਾਈ ਲਈ ਜਾਣਾ ਪੈਂਦਾ ਹੈ। ਪਰ ਜਦੋਂ ਉਹਨਾਂ ਨੂੰ ਉਪਰੋਕਤ ਸਭ ਸਹੂਲਤਾਂ ਪਿੰਡਾਂ ਵਿੱਚ ਹੀ ਉਪਲਬਧ ਹੋ ਜਾਣਗੀਆਂ ਤਾਂ ਉਹ ਸ਼ਹਿਰ ਨਾਲ਼ੋਂ ਪਿੰਡ ਵਿੱਚ ਰਹਿਣਾ ਜ਼ਿਆਦਾ ਪਸੰਦ ਕਰਨਗੇ ਕਿਉਂਕਿ ਸਾਡੇ ਪਿੰਡ ਸ਼ਹਿਰਾਂ ਦੇ ਮੁਕਾਬਲੇ ਹਰ ਤਰ੍ਹਾਂ ਦੇ ਪ੍ਰਦੂਸ਼ਣ ਤੋਂ ਮੁਕਤ ਹਨ।

ਅਸੀਂ ਆਪਣੇ ਪਿੰਡਾਂ ਦੀ ਜਿੰਨੀ ਵੀ ਸਿਫ਼ਤ ਕਰੀਏ ਥੋੜ੍ਹੀ ਹੈ। ਸਾਡੀ ਸਰਕਾਰ ਵੀ ਪਿੰਡਾਂ ਦੇ ਜੀਵਨ-ਪੱਧਰ ਨੂੰ ਉੱਚਾ ਚੁੱਕਣ ਲਈ ਪੂਰੀ ਵਾਹ ਲਾ ਰਹੀ ਹੈ। ਕਦੀ ਅਜਿਹਾ ਸਮਾਂ ਵੀ ਆਵੇਗਾ ਜਦੋਂ ਸ਼ਹਿਰਾਂ ਅਤੇ ਪਿੰਡਾਂ ਵਿੱਚ ਜ਼ਿਆਦਾ ਫ਼ਰਕ ਨਜ਼ਰ ਨਹੀਂ ਆਵੇਗਾ।

Scanned with CamScanner